## ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ
## ਦਫ਼ਤਰ: ਪ੍ਰਧਾਨ ਮੁੱਖ ਵਣ ਪਾਲ (HoFF), ਪੰਜਾਬ,
## ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ,
**(ਫੋਨ ਨੰਬਰ 0172-2298010, 2298000-ਐਕਸਟੈਂਸ਼ਨ 1107 ਅਤੇ 1208)**
**{ਵਿਭਾਗੀ ਚੋਣ ਕਮੇਟੀ (ਅ.ਵਿ.)}**

## ਜਨਤਕ ਸੂਚਨਾ - ਕਾਊਂਸਲਿੰਗ ਸਬੰਧੀ

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲਕ ਵਿਕਾਸ ਵਿਭਾਗ, ਪੰਜਾਬ ਵੱਲੋਂ ਸਿੱਧੀ ਭਰਤੀ ਦੇ ਅਪੰਗ ਵਿਅਕਤੀਆਂ ਦੇ ਬੈਕਲਾਗ ਨੂੰ ਪੂਰਾ ਕਰਨ ਲਈ ਕਲਰਕ ਅਤੇ ਮਲਟੀਪਰਪਜ਼ ਵਰਕਰ ਦੀ ਅਸਾਮੀਆਂ ਦੇ ਵਿਰੁੱਧ ਪ੍ਰਾਪਤ ਹੋਈਆਂ ਉਮੀਦਵਾਰਾਂ ਦੀਆਂ ਅਰਜੀਆਂ ਦੇ ਵੇਰਵੇ ਵਣ ਵਿਭਾਗ ਦੀ ਵੈਬਸਾਈਟ www.pbforests.gov.in ਤੇ ਅਪਲੋਡ ਕਰਦੇ ਹੋਏ ਉਮੀਦਵਾਰਾਂ ਤੋਂ ਮਿਤੀ 10.11.2016 ਤੱਕ ਇਤਰਾਜ ਮੰਗੇ ਸਨ। ਉਮੀਦਵਾਰਾਂ ਤੋਂ ਪ੍ਰਾਪਤ ਹੋਏ ਇਤਰਾਜਾਂਨੂੰ ਵਿਭਾਗੀ ਚੋਣ ਕਮੇਟੀ ਵੱਲੋਂ ਨਿਯਮਾਂ/ਹਦਾਇਤਾਂ ਅਨੁਸਾਰ ਵਿਚਾਰ ਲਿਆ ਗਿਆ ਹੈ ਅਤੇ ਕਮੇਟੀ ਵੱਲੋਂ ਲਏ ਫੈਸਲੇ ਅਨੁਸਾਰ ਪ੍ਰਾਰਥੀਆਂ ਦੇ ਵੇਰਵਿਆਂ ਵਿੱਚ ਲੋੜੀਂਦੀ ਸੋਧ ਕਰ ਦਿੱਤੀ ਗਈ ਹੈ। ਕਮੇਟੀ ਵੱਲੋਂ ਕਲਰਕ ਅਤੇ ਮਲਟੀਪਰਪਜ਼ ਵਰਕਰ ਪ੍ਰਕਾਸ਼ਿਤ ਅਸਾਮੀਆਂ ਦੇ ਵਿਰੁੱਧ 10 ਗੁਣਾ ਉਮੀਦਵਾਰਾਂ ਮਿਤੀ 27.12.2016 ਨੂੰ ਸਵੇਰੇ 10:30 ਵਜੇ ਕਾਊਂਸਲਿੰਗ ਲਈ ਬੁਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਨ੍ਹਾਂ ਉਮੀਦਵਾਰਾਂ ਨੂੰ ਰਜਿਸਟਰਡ ਪੋਸਟ ਰਾਹੀਂ ਕਾਊਂਸਲਿੰਗ ਲਈ ਪੱਤਰ ਜਾਰੀ ਕਰ ਦਿੱਤੇ ਗਏ ਹਨ। ਇਨ੍ਹਾਂ ਉਮੀਦਵਾਰਾਂ ਦੀ ਅਸਾਮੀ ਅਤੇ ਸ਼੍ਰੇਣੀ ਵਾਰ ਮੈਰਿਟ ਸੂਚੀ ਵਣ ਵਿਭਾਗ ਦੀ ਵੈਬਸਾਈਟ www.pbforests.gov.in ਤੇ ਅਪਲੋਡ ਕਰ ਦਿੱਤੀ ਗਈ ਹੈ। ਇਨ੍ਹਾਂ ਉਮੀਦਵਾਰਾਂ ਦੀ ਕਾਊਂਸਲਿੰਗ ਕਾਨਫਰੰਸ ਹਾਲ, ਵਣ ਭਵਨ, ਸੈਕਟਰ-68, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਰੱਖੀ ਗਈ ਹੈ। ਕਾਊਂਸਲਿੰਗ ਲਈ ਹਾਜਰ ਹੋਣ ਵਾਲੇ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਹੇਠ ਲਿਖੇ ਦਸਤਾਵਜ਼ ਅਤੇ ਸ਼ਰਤਾਂ ਨੂੰ ਪੂਰਾ ਕਰਨਾ ਯਕੀਨੀ ਬਣਾਉਣ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਦੀ ਪੂਰਤੀ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਦੀ ਉਮੀਦਵਾਰਤਾ ਰੱਦ ਕਰ ਦਿੱਤੀ ਜਾਵੇਗੀ ਅਤੇ ਇਸ ਬਾਰੇ ਉਮੀਦਵਾਰ ਨੂੰ ਵੱਖਰੇ ਤੌਰ ਕੋਈ ਸੂਚਨਾ ਨਹੀਂ ਦਿੱਤੀ ਜਾਵੇਗੀ।

1. ਵਿਦਿਅਕ ਯੋਗਤਾ ਦੇ ਅਸਲ ਸਰਟੀਫਿਕੇਟ।
2. ਅਪੰਗਤਾ ਦਾ ਅਸਲ ਸਰਟੀਫਿਕੇਟ।
3. ਪੰਜਾਬ ਦਾ ਨਿਵਾਸੀ ਹੋਣ ਦਾ ਅਸਲ ਸਰਟੀਫਿਕੇਟ।
4. ਲੜੀ ਨੰ. 1 ਤੋਂ 3 ਵਾਲੇ ਦਸਤਾਵੇਜਾਂ ਦੀ ਮੁਕੰਮਲ ਤਸਦੀਕਸ਼ੁਦਾ ਫੋਟੋ ਸਟੈਟ ਨਕਲ।

**ਨੋਟ :1.** ਕਾਉਂਸਲਿੰਗ ਲਈ ਹਾਜਰ ਹੋਏ ਉਮੀਦਵਾਰ ਨੂੰ ਆਰਜੀ ਤੌਰ ਤੇ ਬੁਲਾਇਆ ਜਾ ਰਿਹਾ ਹੈ, ਇਸ ਸਬੰਧੀ ਉਹ ਕਿਸੇ ਵੀ ਤਰ੍ਹਾਂ ਨਾਲ ਇਸ ਅਸਾਮੀ ਲਈ ਆਪਣੀ ਚੋਣ ਪੱਕੀ ਨਾ ਸਮਝਣ।

2. ਕਾਊਂਸਲਿੰਗ ਲਈ ਹਾਜਰ ਹੋਏ ਉਮੀਦਵਾਰਾਂ ਨੂੰ ਵਿਭਾਗ ਵੱਲੋਂ ਕੋਈ ਟੀ.ਏ / ਡੀ.ਏ. ਨਹੀਂ ਦਿੱਤਾ ਜਾਵੇਗਾ।

3. ਜਿਹੜ ਉਮੀਦਵਾਰਾਂ ਨੇ ਮਲਟੀਪਰਪਜ ਵਰਕਰ ਦੀ ਅਸਾਮੀ ਲਈ Hearing Handicapped (H.H) ਦੀ ਸ਼੍ਰੇਣੀ ਵਿੱਚ ਅਪਲਾਈ ਕਰਦੇ ਸਮੇਂ ਆਪਣੀ ਅਰਜੀ ਨਾਲ ਅਤੇ ਵਿਭਾਗ ਵੱਲੋਂ ਇਤਰਾਜ ਮੰਗਣ ਤੇ ਆਪਣੀ ਅੱਠਵੀਂ ਪੱਧਰ ਦੇ ਵਿਦਿਅਕ ਯੋਗਤਾ ਦਾ ਸਰਟੀਫਿਕੇਟ ਨਹੀਂ ਲਗਾਇਆ ਜਾਂ ਮੁਹੱਈਆ ਨਹੀਂ ਕਰਵਾਇਆ, ਉਹਨਾਂ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਮੀਦਵਾਰ ਕਾਊਂਸਲਿੰਗ ਸਮੇਂ ਹਲਫੀਆ ਬਿਆਨ (ਅਸਲ), ਜਿਸ ਵਿੱਚ ਇਹ ਤੱਥ ਦਰਜ ਹੋਣ ਕਿ ਉਹਨਾਂ ਵੱਲੋਂ ਸਿੱਧੇ ਤੌਰ ਤ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦੱਸਵੀਂ ਪੱਧਰ ਦੀ ਪ੍ਰੀਖਿਆ ਪਾਸ ਕੀਤੀ ਹੈ ਅਤੇ ਅੱਠਵੀਂ ਦੀ ਪ੍ਰੀਖਿਆ ਵਿੱਚ ਨਾ ਕਦੇ ਅਪੀਅਰ ਹੋਏ ਹਨ ਅਤੇ ਨਾ ਹੀ ਕਦੇ ਪਾਸ ਕੀਤੀ ਹੈ, ਨਾਲ ਲੈ ਕੇ ਆਉਣਾ ਯਕੀਨੀ ਬਣਾਉਣ। ਇਹ ਹਲਫੀਆ ਬਿਆਨ ਨਾ ਹੋਣ ਦੀ ਸੂਰਤ ਵਿੱਚ ਉਹਨਾਂ ਦੀ ਉਮੀਦਵਾਰਤਾ ਰੱਦ ਕਰਦੇ ਹੋਏ ਉਹਨਾਂ ਦੀ ਕਾਊਂਸਲਿੰਗ ਨਹੀ ਕੀਤੀ ਜਾਵੇਗੀ।

ਚੇਅਰਮੈਨ, ਵਿਭਾਗੀ ਚੌਣ ਕਮੇਟੀ (ਅ.ਵਿ.)
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ
ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ।